# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੇਕਟ ਡਾਇਰੈਕਟਰ
# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

**ਐਸ.ਸੀ.ਓ.ਨੰ: 162-164, ਤੀਜੀ ਮੰਜ਼ਿਲ,ਸੈਕਟਰ 34-ਏ, ਚੰਡੀਗੜ੍ਹ, ਫੋਨ: 0172-5043244,0172-5043256**


ਵੱਲ:

1 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿੱ/ਐ.ਸਿ), ਪੰਜਾਬ।
2 ਸਮੂਹ ਸਰਕਾਰੀ ਸਸ/ਹਾਈ/ਮਿਡਲ/ਪ੍ਰਾਇਮਰੀ ਸਕੂਲਾਂ ਦੇ ਮੁੱਖੀ
(ਵੈਬ-ਸਾਈਟ ਰਾਹੀਂ)

ਮੀਮੋ ਨੰ: ਏ.ਐਸ.ਪੀ.ਡੀ/ਰਮਸਅ/2011/ਵ009199-200
ਮਿਤੀ : ਚੰਡੀਗੜ੍ਹ। 12-09-11

## ਵਿਸ਼ਾ:- ਵੱਧਦੇ ਵੀਡੀਓ ਗੇਮ ਪਾਰਲਰਜ਼ ਦਾ ਸਕੂਲੀ ਸਿੱਖਿਆ ਤੇ ਪੈਂਦੇ ਮਾੜੇ ਪ੍ਰਭਾਵ ਸਬੰਧੀ।

1. ਉਕਤ ਵਿਸ਼ੇ ਸਬੰਧੀ ਪੱਤਰ ਨੰ:- **30206** ਮਿਤੀ **22-07-11** ਨੂੰ ਪ੍ਰਾਪਤ ਹੋਇਆ ਹੈ ਅਤੇ ਜਿਸ ਵਿੱਚ ਲਿਖਿਆ ਹੈ ਕਿ ਵੀਡੀਓ ਗੇਮ ਪਾਰਲਰਜ਼ ਵਿੱਚ ਵਿਦਿਆਰਥੀ ਸਕੂਲ ਸਮੇਂ ਦੋਰਾਨ ਚੱਲੇ ਜਾਂਦੇ ਹਨ ਅਤੇ ਅਖੀਰਲੇ ਪੀਰੀਅਡ ਤੱਕ ਉਥੇ ਹੀ ਰਹਿੰਦੇ ਹਨ। ਇਹਨਾਂ ਦੁਕਾਨਾਂ ਦੇ ਮਾਲਕਾਂ ਨੂੰ ਬੇਨਤੀ ਵੀ ਕੀਤੀ ਕਿ ਵਿਦਿਆਰਥੀਆਂ ਨੂੰ ਸਕੂਲ ਸਮੇਂ ਦੋਰਾਨ ਆਪਣੀ ਦੁਕਾਨ ਵਿੱਚ ਨਾ ਦਾਖਿਲ ਹੋਣ ਦੇਣ ਪਰ ਕੋਈ ਨਤੀਜਾ ਨਹੀਂ ਨਿਕਲਿਆ। ਜਿਸ ਨਾਲ ਵਿਦਿਆਰਥੀਆਂ ਦੀ ਸਿੱਖਿਆ ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਇਸ ਸਬੰਧੀ ਸਿੱਖਿਆ ਵਿਭਾਗ ਨੂੰ ਲੋੜੀਂਦੀ ਕਾਰਵਾਈ ਕਰਨ ਲਈ ਲਿਖਿਆ ਗਿਆ ਹੈ।

2. ਇਸ ਪੱਤਰ ਰਾਹੀਂ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਵਿਦਿਆਰਥੀਆਂ ਨੂੰ ਅਧਿਆਪਕ ਅਤੇ ਸਕੂਲ ਮੁੱਖੀ ਸਵੇਰ ਦੀ ਸਭਾ ਵਿੱਚ ਦੱਸਣਗੇ ਕਿ ਸਕੂਲ ਸਮੇਂ ਦੌਰਾਨ ਕੋਈ ਵੀ ਵਿਦਿਆਰਥੀ ਅਧਿਆਪਕ/ਸਕੂਲ ਮੁੱਖੀ ਦੀ ਇਜ਼ਾਜਤ ਤੋਂ ਬਿਨ੍ਹਾਂਸਕੂਲ ਤੋ ਬਾਹਰ ਨਹੀਂ ਜਾਵੇਗਾ।

3. ਜੇਕਰ ਵਿਦਿਆਰਥੀਆਂ ਨੂੰ ਸਮਝਾਉਣ ਤੇ ਬਾਅਦ ਵੀ ਉਹ ਬਿਨ੍ਹਾਂ ਇਜ਼ਾਜਤ ਸਕੂਲ ਤੋ ਬਾਹਰ ਜਾਂਦੇ ਹਨ ਤਾਂ ਉਹਨਾਂ ਦੇ ਮਾਪਿਆਂ ਨੂੰ ਇਸ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਵੇ।

4. ਸਕੂਲ ਪ੍ਰਸ਼ਾਸ਼ਨ ਵੀਡੀਓ ਗੇਮ ਪਾਰਲਰਜ਼ ਦੇ ਮਾਲਿਕ ਨੂੰ ਬੇਨਤੀ ਕਰਨਗੇ ਕਿ ਸਕੂਲ ਸਮੇਂ ਦੌਰਾਨ ਕਿਸੇ ਵੀ ਵਿਦਿਆਰਥੀ ਨੂੰ ਆਪਣੀ ਦੁਕਾਨ ਵਿੱਚ ਦਾਖਿਲ ਨਾ ਹੋਣ ਦੇਣ। ਜੇਕਰ ਫਿਰ ਵੀ ਕਿਸੇ ਵੀਡੀਓ ਗੇਮ ਪਾਰਲਰਜ਼ ਦਾ ਮਾਲਿਕ ਸਕੂਲ ਸਮੇਂ ਦੌਰਾਨ ਸਕੂਲੀ ਬੱਚਿਆਂ ਨੂੰ ਆਪਣੀ ਦੁਕਾਨ ਵਿੱਚ ਦਾਖਿਲ ਹੋਣ ਦਿੰਦਾ ਹੈ ਤਾਂ ਸਕੂਲ ਮੁੱਖੀ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿੱ/ਐ.ਸਿੱ) ਨੂੰ ਲਿਖਤ ਰੂਪ ਵਿੱਚ ਸ਼ਕਾਇਤ ਦੇਣਗੇ ਅਤੇ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿੱ/ਐ.ਸਿੱ), ਜ਼ਿਲ੍ਹਾ ਪ੍ਰਸਾਸ਼ਨ ਦੇ ਨਾਲ ਤਾਲਮੇਲ ਕਰਕੇ ਇਸ ਸਬੰਧੀ ਲੋੜੀਂਦੀ ਹਦਾਇਤਾਂ ਵੀਡੀਓ ਗੇਮ ਪਾਰਲਰਜ਼ ਦੇ ਮਾਲਿਕ ਨੂੰ ਜਾਰੀ ਕਰਵਾਉਣਗੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ।**